**Series ΨYZXW/C** **Set-4**

**Q.P. Code 6**

Roll No. [ ][ ][ ][ ][ ][ ][ ][ ]

Candidates must write the Q.P. Code on the title page of the answer-book.

# ਪੰਜਾਬੀ

# PUNJABI

*ਸਮਾਂ ਸੀਮਾ : **3** ਘੰਟੇ* *ਪੂਰਨ ਅੰਕ : **80***

*Time allowed : **3** hours* *Maximum Marks : **80***

- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **11** ਪੰਨੇ ਹਨ ।
- ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵੱਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **15** ਪ੍ਰਸ਼ਨ ਹਨ ।
- **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿੱਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **11** printed pages.
- Q.P. Code given on the right hand side of the question paper should be written on the title page of the answer-book by the candidate.
- Please check that this question paper contains **15** questions.
- **Please write down the serial number of the question in the answer-book before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

*

*ਆਮ ਨਿਰਦੇਸ਼ :*

*ਹੇਠ ਲਿਖੇ ਨਿਰੇਦਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :*

- *ਇਸ ਪ੍ਰਸ਼ਨ-ਪੱਤਰ ਦੇ ਕੁੱਲ* ***ਚਾਰ*** *ਭਾਗ ਹਨ – I – ਪੜ੍ਹਨ ਕੌਸ਼ਲ, II – ਵਿਆਕਰਨ, III – ਪ੍ਰਭਾਵਸ਼ਾਲੀ ਲਿਖਣ ਕੌਸ਼ਲ ਅਤੇ IV – ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ ।*
- ***ਭਾਗ–I –*** *ਪੜ੍ਹਨ ਕੌਸ਼ਲ ਵਿੱਚ ਕੁੱਲ* ***ਦੋ (2)*** *ਪ੍ਰਸ਼ਨ ਹਨ । ਜਿਨ੍ਹਾਂ ਨੂੰ ਉਹਨਾਂ ਹੇਠ ਦਿੱਤੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ ।*
- ***ਭਾਗ–II –*** *ਵਿਆਕਰਨ ਵਿੱਚ ਕੁੱਲ* ***ਪੰਜ (5)*** *ਪ੍ਰਸ਼ਨ ਹਨ । ਜਿਨ੍ਹਾਂ ਨੂੰ ਉਹਨਾਂ ਹੇਠ ਦਿੱਤੇ ਨਿਰਦੇਸ਼ਾਂ ਅਤੇ ਚੋਣ ਅਨੁਸਾਰ ਹੱਲ ਕੀਤਾ ਜਾਵੇ ।*
- ***ਭਾਗ–III –*** *ਪ੍ਰਭਾਵਸ਼ਾਲੀ ਲਿਖਣ ਕੌਸ਼ਲ ਵਿੱਚ ਕੁੱਲ* ***ਤਿੰਨ (3)*** *ਪ੍ਰਸ਼ਨ ਹਨ । ਜਿਨ੍ਹਾਂ ਨੂੰ ਉਹਨਾਂ ਹੇਠ ਦਿੱਤੀ ਚੋਣ ਅਤੇ ਨਿਰਦੇਸ਼ ਅਨੁਸਾਰ ਹੱਲ ਕਰਨਾ ਹੈ ।*
- ***ਭਾਗ–IV –*** *ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨਾਂ ਦਾ ਹੈ ਜਿਸ ਵਿੱਚ ਕੁੱਲ* ***ਪੰਜ (5)*** *ਪ੍ਰਸ਼ਨ ਹਨ । ਇਹਨਾਂ ਨੂੰ ਵੀ ਹਰ ਪ੍ਰਸ਼ਨ ਦੇ ਹੇਠ ਦਿੱਤੇ ਨਿਰਦੇਸ਼ਾਂ ਅਤੇ ਚੋਣ ਅਨੁਸਾਰ ਹੱਲ ਕੀਤਾ ਜਾਵੇ ।*

***General Instructions :***

*Read the following instructions carefully and follow them :*

- *This question paper contains* ***four*** *parts – I – Reading Skill, II – Grammar, III – Writing Skill and IV – Text-Book Based Questions.*
- ***Part–I –*** *Reading Skill consists of* ***two*** *questions. Attempt both questions based on specific instructions given in the question itself.*
- ***Part–II –*** *Grammar contains* ***five*** *questions. Attempt all questions based on specific instructions and given choice.*
- ***Part–III –*** *Writing Skill consists of* ***three*** *questions. Attempt questions as per the instructions and given choice.*
- ***Part–IV –*** *Text-Book Based Questions contains* ***five*** *questions. Attempt all questions as per the instructions and choice.*

## ਭਾਗ–I : ਪੜ੍ਹਨ ਕੌਸ਼ਲ

**(PART–I : Reading Skill)** *10*

**ਨੋਟ:** *ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ–ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦੇ ਹੇਠਾਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ ਦਿਉ ।*

**1.** ਨਸ਼ਿਆ ਦੀ ਗਲ਼ਤ ਪ੍ਰਵਿਰਤੀ ਆਰਥਕ ਤੇ ਸਰੀਰਕ ਤੌਰ ਤੇ ਬਰਬਾਦ ਕਰ ਕੇ ਰੱਖ ਦਿੰਦੀ ਹੈ, ਇਸ ਕਰਕੇ ਨੌਜ਼ਵਾਨ ਵਰਗ ਨੂੰ ਇਸ ਪ੍ਰਵਿਰਤੀ ਤੋਂ ਬਚਣਾ ਚਾਹੀਦਾ ਹੈ । ਕਈ ਨੌਜਵਾਨ ਪੜ੍ਹਾਈ ਦੇ ਲਈ ਲੋੜੀਂਦੇ ਜ਼ਰੂਰੀ ਸਾਧਨਾਂ ਦੀ ਘਾਟ ਦਾ ਹਵਾਲਾ ਦੇ ਕੇ ਮਿਹਨਤ ਕਰਨ ਤੋਂ ਭੱਜਦੇ ਰਹਿੰਦੇ ਹਨ ਤੇ ਕਈ "ਅੱਜ ਲਾਈਟ ਬੰਦ ਰਹੀ", "ਮੂਡ ਠੀਕ ਨਹੀਂ ਹੈ", "ਕੱਲ੍ਹ ਕਰ ਲਵਾਂਗੇ" ਦਾ ਬਹਾਨਾ ਬਣਾ ਕੇ ਮਿਹਨਤ ਤੋਂ ਮੂੰਹ ਮੋੜ ਲੈਂਦੇ ਹਨ ਤੇ ਨਸ਼ਿਆਂ ਦੀ ਦਲਦਲ ਵਿੱਚ ਫਸ ਜਾਂਦੇ ਹਨ, ਜਿੱਥੋਂ ਇਨ੍ਹਾਂ ਦਾ ਫਿਰ ਨਿਕਲਣਾ ਔਖਾ ਹੋ ਜਾਂਦਾ ਹੈ । ਅਜਿਹੇ ਨੌਜਵਾਨਾਂ ਨੂੰ ਇਬਰਾਹੀਮ ਲਿੰਕਨ ਤੇ ਚਾਰਲੀ ਚੈਪਲਿਨ ਦੇ ਜੀਵਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ । ਇਬਰਾਹੀਮ ਲਿੰਕਨ ਜੋ ਘਰ ਦੀਆਂ ਤੰਗੀਆਂ ਦੇ ਬਾਵਜੂਦ ਰੇਤ ਨੂੰ ਸਲੇਟ, ਤੇ ਉਂਗਲੀ ਨੂੰ ਕਲਮ ਬਣਾ ਕੇ, ਸਟਰੀਟ ਲਾਈਟ ਦੀ <u>ਰੌਸ਼ਨੀ</u> ਵਿੱਚ ਪੜ੍ਹ ਕੇ ਸੱਭ ਤੋਂ ਉੱਚੇ ਅਹੁਦੇ ਉੱਤੇ ਪੁੱਜਿਆ ਅਤੇ ਅਮਰੀਕਾ ਦਾ ਰਾਸ਼ਟਰਪਤੀ ਬਣਿਆ । ਉਸਨੇ ਅਵੇਸਲੇਪਨ ਦਾ ਤਿਆਗ ਕੀਤਾ ਅਤੇ ਪੱਕੇ ਇਰਾਦੇ ਤੇ ਮਿਹਨਤ ਦੇ ਬਲਬੂਤੇ 'ਤੇ ਸਫਲਤਾ ਪ੍ਰਾਪਤ ਕੀਤੀ । ਵਿਸ਼ਵ ਪ੍ਰਸਿੱਧ ਹਾਸਰਸ ਕਲਾਕਾਰ ਚਾਰਲੀ ਚੈਪਲਿਨ ਆਪਣੀ ਮਿਹਨਤ, <u>ਕਾਬਲੀਅਤ</u> ਤੇ <u>ਦ੍ਰਿੜ ਇਰਾਦੇ</u> ਸਦਕਾ ਹੀ ਸਾਰੀ ਦੁਨੀਆ ਨੂੰ ਹਸਾਉਂਦਾ ਰਿਹਾ । ਇਸ ਤੋਂ ਇਲਾਵਾ ਸਾਨੂੰ ਹੋਰ ਵੀ ਕਈ ਢੇਰ ਸਾਰੀਆਂ ਉਦਾਹਰਨਾਂ ਮਿਲਦੀਆਂ ਹਨ, ਜਿਨ੍ਹਾਂ ਨੇ ਕਈ ਦੁੱਖ ਤਕਲੀਫ਼ਾਂ ਸਹਿੰਦੇ ਹੋਏ ਕਦੀ ਨਿਰਾਸ਼ਾ ਦਾ ਪੱਲਾ ਨਹੀਂ ਫੜਿਆ ਅਤੇ <u>ਜ਼ਿੰਦਾਦਿਲੀ</u> ਨਾਲ ਜਿਉਂਦੇ ਰਹੇ ।

(i) ਕਿਹੜੇ ਨੌਜਵਾਨਾਂ ਨੂੰ ਨਸ਼ਿਆ ਦੀ ਆਦਤ ਪੈ ਜਾਂਦੀ ਹੈ ?

(ii) ਲਕੀਰੇ ਸ਼ਬਦਾਂ ਦੇ ਅਰਥ ਲਿਖੋ – ਰੌਸ਼ਨੀ, ਕਾਬਲੀਅਤ, ਦ੍ਰਿੜ ਇਰਾਦਾ, ਜ਼ਿੰਦਾਦਿਲੀ

(iii) ਇਬਰਾਹਿਮ ਲਿੰਕਨ ਨੇ ਘਰੋਗੀ ਤੰਗੀਆਂ ਦੇ ਬਾਵਜੂਦ ਕਿਵੇਂ ਸਫ਼ਲਤਾ ਹਾਸਲ ਕੀਤੀ ?

(iv) ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਲਿਖੋ । *2+2+2+1=7*

**2.** ਤੂੰ ਭਾਰਤ ਦਾ ਭਾਰਤ ਤੇਰਾ,
ਗੈਰਾਂ ਦਾ ਚੁਕਵਾ ਦੇ ਡੇਰਾ ।
ਅਜ਼ਾਦੀ ਦਾ ਝੰਡਾ ਝੂਲੇ,
ਹੋਏ ਮੁਹਕਮ ਅਮਨ ਜਹਾਨ ਦਾ
ਉੱਠ ਜਾਗ ਭਾਰਤੀ ਸ਼ੇਰਾ,
ਤੂੰ ਮਾਲਿਕ ਹਿੰਦੁਸਤਾਨ ਦਾ ।

(i) ਉਪਰੋਕਤ ਕਾਵਿ-ਟੁੱਕੜੀ ਵਿੱਚ ਹਿੰਦੁਸਤਾਨ ਦਾ ਮਾਲਿਕ ਕਿਸ ਨੂੰ ਕਿਹਾ ਗਿਆ ਹੈ ?

(ii) 'ਗੈਰਾਂ ਦਾ ਚੁਕਵਾ ਕੇ ਡੇਰਾ' ਸਤਰ ਤੋਂ ਕੀ ਭਾਵ ਹੈ ?

(iii) ਇਸ ਕਾਵਿ-ਟੁਕੜੀ ਅਨੁਸਾਰ ਆਜ਼ਾਦੀ ਮਿਲਣ ਉਪਰੰਤ ਕੀ ਹੋਵੇਗਾ ? *3×1=3*

## ਭਾਗ-II : ਵਿਆਕਰਨ

## (PART-II : Grammar) *20*

**3.** ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਪੰਜ ਪ੍ਰਸ਼ਨਾਂ ਵਿੱਚੋਂ ਕੋਈ ***ਚਾਰ*** (any ***four***) ਹੱਲ ਕਰੋ) *4×1=4*

(i) ਹੇਠ ਲਿਖਿਆਂ ਵਿੱਚੋਂ ਸਹੀ ਸਮਾਸੀ ਸ਼ਬਦ ਚੁਣੋ :

(a) ਕੰਮ – ਕਮਾਈ (b) ਕੰਮ – ਕਿਰਿਆ
(c) ਕੰਮ – ਧੰਦਾ (d) ਕੰਮ – ਵਿਹਾਰ

(ii) ਹੇਠ ਲਿਖੇ ਵਿਕਲਪਾਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਦੁਹਰਾਵੇਂ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ ?

(a) ਰੋਗ – ਮੁਕਤ (b) ਇੱਜਤ – ਮਾਣ
(c) ਖਰਾ – ਖੋਟਾ (d) ਹੱਥੋਂ – ਹੱਥੀ

(iii) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਨਾਰਥਕ ਸ਼ਬਦਾਂ ਦੇ ਸਮੇਲ ਤੋਂ ਬਣਿਆ ਸਮਾਸੀ ਸ਼ਬਦ ਹੈ ?

(a) ਸੋਚ – ਵਿਚਾਰ (b) ਹਾਰ – ਜਿੱਤ
(c) ਆਪ – ਬੀਤੀ (d) ਮਿਰਚ – ਮਸਾਲਾ

(iv) ਦੁਹਰਾਵੇਂ ਸ਼ਬਦਾਂ ਦੇ ਸਮੇਲ ਵਾਲਾ ਸਮਾਸੀ ਸ਼ਬਦ ਚੁਣੋ :

(a) ਮਨ – ਪਸੰਦ (b) ਵੰਡ – ਵੰਡਾਈ
(c) ਅੰਨ – ਪਾਣੀ (d) ਲਾਭ – ਹਾਨੀ

(v) 'ਗਰਮੀ-ਸਰਦੀ' ਸਮਾਸੀ ਲਈ ਸਹੀ ਸ਼ਬਦ ਸਮੂਹ ਕਿਹੜਾ ਹੈ ?

(a) ਸਰਦੀ ਵਿੱਚ ਗਰਮੀ
(b) ਗਰਮੀ ਉੱਤੇ ਸਰਦੀ
(c) ਸਰਦੀ ਪਿੱਛੋਂ ਗਰਮੀ
(d) ਗਰਮੀ ਅਤੇ ਸਰਦੀ

**4.** ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਪੰਜ ਪ੍ਰਸ਼ਨਾਂ ਵਿੱਚੋਂ ਕੋਈ ***ਚਾਰ*** (any ***four***) ਹੱਲ ਕਰੋ) *4×1=4*

(i) ਹੇਠ ਲਿਖਿਆਂ ਵਿੱਚੋਂ 'ਵਲ' ਸ਼ਬਦ ਦਾ ਬਹੁ-ਅਰਥ ਹੈ –

(a) ਵੰਡਣਾ
(b) ਫੇਰ
(c) ਅਰੋਗ
(d) ਦੁੱਖ

(ii) ਹੇਠ ਲਿਖਿਆਂ ਵਿੱਚੋਂ ਕਿਹੜਾ 'ਭਰ' ਸ਼ਬਦ ਦਾ ਬਹੁ-ਅਰਥਕ ਨਹੀਂ ਹੈ ?

(a) ਦੁੱਖ
(b) ਦੇਣਾ
(c) ਭਰਨਾ
(d) ਸਿਖਾਉਣਾ

(iii) 'ਪੱਕਾ' ਸ਼ਬਦ ਦਾ ਇਕ ਬਹੁ-ਅਰਥਕ 'ਮਜਬੂਤ' ਹੈ, ਦੂਜਾ ਅਰਥ ਹੈ –

(a) ਕਾਬੂ ਕਰਨਾ
(b) ਤੰਦੀ
(c) ਗਹਿਣਾ
(d) ਨਾ ਉਤਰਨ ਵਾਲਾ

(iv) 'ਧਾਰ' ਸ਼ਬਦ ਦਾ ਬਹੁ-ਅਰਥਕ ਚੁਣੋ :

(a) ਬਾਰੂਦ
(b) ਪੱਕਾ ਇਰਾਦਾ ਕਰਨਾ
(c) ਤਾਰ
(d) ਗੋਲੀ

(v) ਇਨ੍ਹਾਂ ਵਿੱਚੋਂ ਕਿਹੜਾ ਸ਼ਬਦ 'ਚੱਪਾ' ਦਾ ਬਹੁ-ਅਰਥਕ ਨਹੀਂ ਹੈ ?

(a) ਤਾਸ਼ ਦਾ ਪੱਤਾ
(b) ਚੌਥਾ ਹਿੱਸਾ
(c) ਥੋੜਾ ਜਿਹਾ
(d) ਚਾਰ ਉਂਗਲਾਂ ਦਾ

**5.** ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਪੰਜ ਪ੍ਰਸ਼ਨਾਂ ਵਿੱਚੋਂ ਕੋਈ ***ਚਾਰ*** (any ***four***) ਹੱਲ ਕਰੋ) *4×1=4*

(i) 'ਅੱਜ, ਪਰਸੋਂ, ਦੁਪਹਿਰੇ' ਸ਼ਬਦ-ਸਮੂਹ ਕਿਹੜਾ ਕਿਰਿਆ-ਵਿਸ਼ੇਸ਼ਣ ਹੈ ?

(a) ਨਿਰਣਾ-ਵਾਚਕ ਕਿਰਿਆ-ਵਿਸ਼ੇਸ਼ਣ

(b) ਕਾਲ-ਵਾਚਕ ਕਿਰਿਆ-ਵਿਸ਼ੇਸ਼ਣ

(c) ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ

(d) ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ

(ii) ਜਿੰਨ੍ਹਾਂ ਸ਼ਬਦਾਂ ਤੋਂ ਕੰਮ ਦੇ ਹੋਣ ਦੀ ਵਾਰੀ ਜਾਂ ਗਿਣਤੀ ਦਾ ਪਤਾ ਲੱਗੇ, ਉਹ ਕਿਹੜੇ ਕਿਰਿਆ-ਵਿਸ਼ੇਸ਼ਣ ਹੁੰਦੇ ਹਨ ?

(a) ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ

(b) ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ

(c) ਕਾਲ-ਵਾਚਕ ਕਿਰਿਆ-ਵਿਸ਼ੇਸ਼ਣ

(d) ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ

(iii) ਹੇਠ ਲਿਖਿਆਂ ਵਿੱਚੋਂ ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :

(a) ਹੁਣ (b) ਬਾਹਰ

(c) ਕਿੰਨਾ (d) ਹੌਲੀ-ਹੌਲੀ

(iv) ਹੇਠ ਲਿਖੇ ਸ਼ਬਦ-ਸਮੂਹਾਂ ਵਿੱਚੋਂ ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :

(a) ਬਿੱਲਕੁਲ, ਬੇਸ਼ੱਕ, ਹੀ

(b) ਕਈ ਵਾਰ, ਘੜੀ-ਮੁੜੀ, ਇਕਹਿਰਾ

(c) ਕਿਉਂਕਿ, ਇਸ ਲਈ, ਸੋ

(d) ਬਹੁਤਾ, ਥੋੜਾ, ਕਿੰਨਾ

(v) ਤੁਸੀਂ __________ ਆਉਂਦੇ ਹੋ ।

ਵਾਕ ਵਿਚਲੇ ਖਾਲੀ ਸਥਾਨ ਨੂੰ ਭਰਨ ਲਈ ਢੁੱਕਵਾਂ ਕਿਰਿਆ-ਵਿਸ਼ੇਸ਼ਣ ਚੁਣੋ –

(a) ਕਦੀ-ਕਦਾਈ (b) ਕੁੱਝ

(c) ਤੇ (d) ਸੋ

**6.** ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ) *2+2=4*

(i) ਹੇਠ ਲਿਖਿਆਂ ਵਿੱਚੋਂ ਕੋਈ ***ਦੋ*** (any ***two***) ਅਗੇਤਰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਉਨ, ਸਹਿ, ਹਮ

(ii) ਹੇਠ ਲਿਖਿਆਂ ਵਿੱਚੋਂ ਕੋਈ ***ਦੋ*** (any ***two***) ਪਿਛੇਤਰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਗਾਰ, ਚਾਰੀ, ਆਲੂ

**7.** ਮੁਹਾਵਰੇ : ਹੇਠ ਲਿਖਿਆਂ ਵਿੱਚੋਂ ਕੋਈ ***ਚਾਰ*** (any ***four***) ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ : *4×1=4*

(i) ਘਿਓ ਦੇ ਦੀਵੇ ਬਾਲਣਾ

(ii) ਕਾਗ਼ਜ਼ੀ ਘੋੜੇ ਦੁੜਾਉਣੇ

(iii) ਚਾਦਰ ਪਾਉਣੀ

(iv) ਜੰਗਲ ਵਿੱਚ ਮੰਗਲ ਹੋਣਾ

(v) ਚੰਨ 'ਤੇ ਥੁੱਕਣਾ

(vi) ਖੰਡ ਖੀਰ ਹੋਣਾ

(vii) ਜਾਨ 'ਤੇ ਖੇਡਣਾ

## ਭਾਗ–III : ਪ੍ਰਭਾਵਸ਼ਾਲੀ ਲਿਖਨ ਕੌਸ਼ਲ

## (PART–III : Writing Skill)

*8+7+5=20*

**8.** ਹੇਠ ਲਿਖਿਆਂ ਵਿਚੋਂ ਕਿਸੇ ***ਇੱਕ*** ਵਿਸ਼ੇ ਉਤੇ 200 ਸ਼ਬਦਾਂ ਦਾ ਇੱਕ ਲੇਖ ਲਿਖੋ : *1×8=8*

(i) ਸਮੇਂ ਦੀ ਕਦਰ

ਨੁਕਤੇ – ਭੂਮਿਕਾ ....... ਸਾਡੀਆਂ ਆਦਤਾਂ ....... ਕੁਦਰਤ ਤੇ ਸਮਾਂ ....... ਵੱਡੇ ਵਿਅਕਤੀ ਬਣਨ ਦਾ ਰਾਜ਼ ....... ਸਮਾਂ ਨਸ਼ਟ ਕਰਨ ਦੇ ਨੁਕਸਾਨ ....... ਸਾਰੰਸ਼ ।

(ii) ਸਾਂਝੀ ਵਿਦਿਆ

ਨੁਕਤੇ – ਅਰਥ ....... ਸਾਂਝੀ ਵਿਦਿਆ ਦੀ ਪਰੰਪਰਾ ....... ਔਰਤਾਂ ਦੀ ਸਿੱਖਿਆ ਬਾਰੇ ਵਿਵਾਦ ....... ਸੰਵਿਧਾਨਕ ਤੌਰ 'ਤੇ ਔਰਤਾਂ ਨੂੰ ਨੌਕਰੀ ਦਾ ਹੱਕ ....... ਸਾਂਝੀ ਵਿਦਿਆ ਦੇ ਵਿਰੋਧੀ ਵਿਚਾਰ ....... ਵਿਚਾਰਾਂ ਦਾ ਖੰਡਨ ....... ਸੁਝਾਅ

(iii) ਦੀਵਾਲੀ

ਨੁਕਤੇ – ਦੀਵਾਲੀ ਦਾ ਇਤਿਹਾਸ ....... ਸ਼੍ਰੀ ਰਾਮ ਚੰਦਰ ਜੀ ਦਾ ਅਯੁੱਧਿਆ ਪਰਤਨਾ ....... ਸ਼੍ਰੀ ਗੁਰੂ ਹਰਗੋਬਿੰਦ ਜੀ ਦੀ ਰਿਹਾਈ ....... ਦੀਵਾਲੀ ਦੀਆਂ ਤਿਆਰੀਆਂ ....... ਬਜ਼ਾਰਾਂ ਦੀ ਰੌਣਕ ....... ਲੱਛਮੀ ਪੂਜਾ ....... ਅੰਮ੍ਰਿਤਸਰ ਦੀ ਦੀਵਾਲੀ ....... ਬੁਰਾਈਆਂ ....... ਮਿਲਾਵਟਖ਼ੋਰੀ ....... ਸਿੱਟਾ ।

9. ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ, ਇੱਕ ਬਿਨੈ-ਪੱਤਰ ਰਾਹੀ ਸਕੂਲ ਵਿੱਚ ਅਖ਼ਬਾਰਾਂ ਤੇ ਰਸਾਲੇ ਮੰਗਵਾਉਣ ਲਈ ਤੇ ਉਨ੍ਹਾਂ ਦੇ ਉਚਿੱਤ ਥਾਂ ਦਾ ਪ੍ਰਬੰਧ ਕਰਨ ਲਈ ਬੇਨਤੀ ਕਰੋ । *1×7=7*

(a) ਨੁਕਤੇ : ਲਾਇਬਰੇਰੀ ਦੀ ਅਣਹੋਂਦ ....... ਦੋ ਕਮਰੇ ਖਾਲੀ ਹੋਣ ਦਾ ਹਵਾਲਾ ....... ਖਾਲੀ ਪੀਰੀਅਡ ਵਿੱਚ ਪੜ੍ਹਨ ਦੀ ਇੱਛਾ ....... ਵਧੀਆ ਅਖ਼ਬਾਰਾਂ ਅਤੇ ਰਸਾਲਿਆਂ ਦੇ ਨਾਂ ....... ਇਸ ਕੰਮ ਵਿੱਚ ਸਹਿਯੋਗ ਦੀ ਪੇਸ਼ਕਸ .......

**ਜਾਂ (OR)**

(b) ਦੂਰਦਰਸ਼ਨ ਦੇ ਨਿਰਦੇਸ਼ਕ ਨੂੰ ਟੀ.ਵੀ. ਉੱਤੇ ਦਿਖਾਏ ਜਾ ਰਹੇ ਪ੍ਰੋਗਰਾਮਾਂ ਨੂੰ ਵਿਦਿਆਰਥੀਆਂ ਲਈ ਚੰਗੇਰਾ ਬਣਾਉਣ ਦਾ ਸੁਝਾਅ ਦਿਉ ।

ਨੁਕਤੇ : ਵਿਸ਼ਾ ....... ਪ੍ਰੋਗ੍ਰਾਮਾਂ ਦੀ ਸ਼ਲਾਆ ....... ਸਾਇੰਸ, ਗਿਆਨ-ਵਿਗਿਆਨ ਦੇ ਪ੍ਰੋਗ੍ਰਾਮ ....... ਵਿਦਿਆਰਥੀਆਂ ਵਿੱਚ ਮੁਕਾਬਲੇ ਦੀ ਭਾਵਨਾ ....... ਬੱਚਿਆਂ ਦੀ ਰੁੱਚੀ ਤੇ ਲੋੜ ਅਨੁਸਾਰ ਪ੍ਰੋਗ੍ਰਾਮ .......

10. ਹੇਠਾਂ ਦਿੱਤੀ ਤਸਵੀਰ ਨੂੰ ਧਿਆਨ ਨਾਲ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ : *1×5=5*



**ਨੋਟ:** *ਇਹ ਪ੍ਰਸ਼ਨ ਤਸਵੀਰ ਅਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਨ ਵਿਦਿਆਰਥੀਆਂ ਲਈ ਹੈ ।*

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਗਿਆਰ੍ਹਵੀਂ ਜਮਾਤ ਵਿੱਚ ਪੰਜਾਬੀ ਸ਼ੁਰੂ ਕਰਵਾਉਣ ਲਈ ਪੱਤਰ ਲਿਖੋ ।

## ਭਾਗ–IV : ਪਾਠ–ਪੁਸਤਕ ’ਤੇ ਆਧਾਰਿਤ ਪ੍ਰਸ਼ਨ

## (PART–IV : Text-Book Based Questions) *30*

**11.** ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ***ਪੰਜ*** (any ***five***) ਹੱਲ ਕਰੋ) *5×1=5*

(i) ਜੇਕਰ ਘਰ ਘਟ ਰਹੇ ਹਨ ਤਾਂ ਕੀ ਵਧ ਰਿਹਾ ਹੈ ?

(a) ਸਟੇਸ਼ਨ

(b) ਪੈਟਰੌਲ ਪੰਪ

(c) ਸਿਨੇਮਾ ਘਰ

(d) ਹੋਟਲ

(ii) ਬਚਪਨ ਵਿੱਚ ਕਿਹੜੀ ਚੀਜ਼ ਸਾਨੂੰ ਅਮੀਰ ਬਣਾਉਂਦੀ ਹੈ ?

(a) ਸ਼ਰਾਰਤ (b) ਬੋਲੀ ਦਾ ਖ਼ਜ਼ਾਨਾ

(c) ਤੋਤਲਾਪਣ (d) ਲੋਰੀਆਂ

(iii) ‘‘ਜੇ ਅਰਦਾਸ ਦਾ ਉੱਤਰ ਮਿਲੇ ਤਾਂ ਉਹ ਅਰਦਾਸ ਨਹੀਂ ਰਹਿੰਦੀ.... ਉਹ ਖ਼ਤੋ–ਖਿਤਾਬਤ ਦਾ ਸਿਲਸਿਲਾ ਬਣ ਜਾਂਦੀ ਹੈ ?’’ ਇਹ ਕਥਨ ਕਿਸ ਦਾ ਹੈ ?

(a) ਬਲਬੀਰ ਸਿੰਘ

(b) ਵਿਲੀਅਮ ਕੇਰੀ

(c) ਗਰੀਅਰਸਨ

(d) ਔਸਕਰ ਵਾਇਲਡ

(iv) ਹੇਠ ਲਿਖਿਆਂ ਵਿੱਚੋਂ ‘ਅੰਗ–ਸੰਗ’ ਕਹਾਣੀ ਦਾ ਪਾਤਰ ਕੌਣ ਹੈ ?

(a) ਭਾਬੀ ਮੈਨਾ (b) ਜਸਬੀਰ

(c) ਅਮਰੀਕ (d) ਪੀਰੋ

(v) ਮਾਨ ਸਿੰਘ ਬਾਪੂ ਦੀ ਤੁਲਨਾ ਕਿਸ ਨਾਲ ਕਰਦਾ ਹੈ ?

(a) ਧਰਤੀ ਹੇਠਲੇ ਬਲਦ ਨਾਲ

(b) ਮਾਂ ਨਾਲ

(c) ਪਹਿਲਵਾਨ ਨਾਲ

(d) ਹਾਕੀ ਖਿਡਾਰੀ ਨਾਲ

(vi) ਸੁਪਨੇ ਵਿੱਚ ਕੌਣ ਬੁੜਬੁੜਾ ਰਿਹਾ ਸੀ ?

(a) ਸ਼ਾਹਾਂ ਦਾ ਮੁੰਡਾ

(b) ਲੇਖਕ

(c) ਕਾਕਾ

(d) ਸ੍ਰੀਮਤੀ

**12.** ਕਵਿਤਾ ਤੇ ਇਕਾਂਗੀ ਵਿੱਚੋਂ (ਕੋਈ ***ਪੰਜ*** (any ***five***) ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ) : *5×1=5*

(i) 'ਜੰਗ ਦਾ ਹਾਲ' ਰਚਨਾ ਦਾ ਕਰਤਾ ਕੌਣ ਹੈ ?

(ii) 'ਟੁੰਡਾ ਲਾਟ' ਤੋਂ ਕੀ ਭਾਵ ਹੈ ?

(iii) 'ਰਾਜਾਨ' ਸ਼ਬਦ ਦਾ ਕੀ ਅਰਥ ਹੈ ?

(iv) ਮਨੁੱਖ ਉੱਤੇ, ਗੁਰੂ ਦੇ ਪ੍ਰਸੰਨ ਹੋਣ ਨਾਲ ਕੀ ਹੁੰਦਾ ਹੈ ?

(v) ਸ੍ਰੀ ਗੁਰੂ ਅਰਜਨ ਦੇਵ ਜੀ ਅਨੁਸਾਰ ਆਤਮਿਕ ਆਨੰਦ ਕਿਵੇਂ ਪ੍ਰਾਪਤ ਹੋਇਆ ਹੈ ?

(vi) 'ਅੰਮੀ ਬੇਗਮ ਨੇ ਹੀ ਮੈਨੂੰ ਜਗਾਇਆ ਸੀ । ਉਹਨਾਂ ਨੇ ਤਾਂ ਸ਼ਾਹੀ ਹਕੀਮ ਨੂੰ ਵੀ ਬੁਲਾ ਭੇਜਿਆ ਹੈ, ਸ਼ਾਇਦ ..... ।' ਇਹ ਸ਼ਬਦ ਕਿਸਨੇ ਕਿਸ ਨੂੰ ਕਹੇ ?

(vii) ਨਿਹਾਲ ਕੌਰ ਆਪਣੀ ਨੂੰਹ ਮਨਜੀਤ ਨੂੰ ਕਿਸ ਤਰ੍ਹਾਂ ਧਮਕਾਉਂਦੀ ਹੈ ?

**13.** ਕਹਾਣੀ ਤੇ ਇਕਾਂਗੀ ਵਿੱਚੋਂ (ਕੋਈ ***ਚਾਰ*** (any ***four***) ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ) : *4×2=8*

(i) ਜਦ ਔਰੰਗਜੇਬ ਨੂੰ ਕਿਹਾ ਜਾਂਦਾ ਹੈ ਕਿ ਉਸਨੇ ਹੀ ਮੁਗਲ ਸਲਤਨਤ ਦੀਆਂ ਜੜ੍ਹਾਂ ਖੋਖਲੀਆਂ ਕੀਤੀਆਂ ਹਨ ਤਾਂ ਉਹ ਕੀ ਜਵਾਬ ਦਿੰਦਾ ਹੈ ?

(ii) ਇਸਤਰੀ ਸਭਾ ਦੀ ਮੈਂਬਰ ਵਜੋ ਮਨਜੀਤ ਕੌਰ ਦੀ ਕਾਰਗੁਜ਼ਾਰੀ ਬਿਆਨ ਕਰੋ ।

(iii) ਅਮਰੀਕ ਆਪਣੇ ਆਪ ਨੂੰ ਕਿਉਂ ਕੋਸਦਾ ਹੈ ?

(iv) ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਧਰਤੀ ਹੇਠਲਾ ਬਲਦ' ਦਾ ਮੁੱਖ ਵਿਸ਼ਾ ਕੀ ਹੈ ?

(v) ਸ਼ਾਹਾ ਦੇ ਮੁੰਡੇ ਤੋਂ ਕਾਕੇ ਵੱਲੋਂ ਕੁਲਫ਼ੀ ਖੋਹਣ ਉਪਰੰਤ ਦੀ ਹਾਲਤ ਲਿਖੋ ।

**14.** ਕਵਿਤਾ ਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : *2×4=8*

(i) ਸ਼ਾਹ ਮੁਹੰਮਦ ਨੇ ਜੰਗ ਦਾ ਕਿਹੋ-ਜਿਹਾ ਹਾਲ ਬਿਆਨ ਕੀਤਾ ਹੈ ?

**ਜਾਂ (OR)**

ਸ਼੍ਰੀ ਗੁਰੂ ਅਰਜਨ ਦੇਵ ਜੀ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਰਚਨਾ ਰਾਹੀਂ ਕੀ ਕਹਿ ਰਹੇ ਹਨ ?

(ii) ਮਹਾਨ ਵਿਅਕਤੀ ਦੀ ਜ਼ਿੰਦਗੀ ਵਿੱਚ ਘਰ ਦੇ ਪਿਆਰ ਦਾ ਕੀ ਮਹੱਤਵ ਹੁੰਦਾ ਹੈ ?

**ਜਾਂ (OR)**

ਗਿਆਨੀ ਗੁਰਦਿੱਤ ਸਿੱਘ ਅਨੁਸਾਰ ਪੁਰਾਣੇ ਸਮੇਂ ਵਿੱਚ 'ਪਹਿਲਵਾਨ' ਕਿਵੇਂ ਪਿੰਡਾ ਉੱਤੇ ਫਤਿਹ ਪ੍ਰਾਪਤ ਕਰਦੇ ਸਨ ?

**15.** ਇਕਾਂਗੀ ਵਿੱਚੋਂ (ਕਿਸੇ ***ਇੱਕ*** ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : *1×4=4*

(i) ਪ੍ਰਿੰ. ਸੰਤ ਸਿੰਘ ਸੇਖੋਂ ਆਪਣੇ ਇਕਾਂਗੀ ਵਿੱਚ ਦੁਜੇ ਵਿਆਹ ਦੀ ਸਮੱਸਿਆ ਦਾ ਹੱਲ ਕਿਵੇਂ ਕਰਦਾ ਹੈ ?

(ii) ਪਛਤਾਵੇ ਵਿੱਚ ਔਰੰਗਜ਼ੇਬ ਦੀ ਹਾਲਤ ਕਿਸ ਤਰ੍ਹਾਂ ਦੀ ਹੋ ਜਾਂਦੀ ਹੈ ?